© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040320
Volume 4, Issue 3| July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.20

| DOI | Received Date | Accepted Date | Published Date |
|---|---|---|---|
| 10.64119/armaan.vol.4.issue3.20 | August 10, 2026 | August 31, 2026 | September 05, 2026 |


**ਖੋਜ ਪੇਪਰ (Research Article)**

# 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਸਤਲੁਜ ਵਹਿੰਦਾ ਰਿਹਾ' ਨਾਵਲ: ਤੁਲਨਾਤਮਕ ਅਧਿਐਨ

## 'Dhawan Delhi De Kingre' Ate 'Satluj Vehanda Riha' Naval: Tulnatmak Adhyian

**ਡਾ. ਬੇਅੰਤ ਸਿੰਘ ਸਰਾਂ (Dr. Beant Singh Sran)**

ਸਹਾਇਕ ਪ੍ਰੋਫ਼ੈਸਰ (Assistant Professor)

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ (ਪੰਜਾਬ)- 143304

ORCID: 0009-0000-5340-0700

*E-Mail: beantsinghsran89@gmail.com*

### ਸਾਰ (Abstract)

*ਬਲਦੇਵ ਸਿੰਘ ਦੁਆਰਾ ਰਚਿਤ ਇਤਿਹਾਸਕ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਸਤਲੁਜ ਵਹਿੰਦਾ ਰਿਹਾ' ਪੰਜਾਬੀ ਇਤਿਹਾਸਕ ਨਾਵਲ ਦੀ ਪਰੰਪਰਾ ਵਿੱਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਨ੍ਹਾਂ ਦੋਹਾਂ ਨਾਵਲਾਂ ਵਿੱਚ ਪੰਜਾਬ ਦੇ ਲੋਕ ਨਾਇਕਾਂ ਕ੍ਰਮਵਾਰ ਦੁੱਲਾ ਭੱਟੀ ਅਤੇ ਭਗਤ ਸਿੰਘ ਦੇ ਜੀਵਨ, ਪਰਿਵਾਰਕ ਪਿਛੋਕੜ, ਵਿਅਕਤਿਤਵ, ਅਤੇ ਕ੍ਰਾਂਤੀਕਾਰੀ ਚੇਤਨਾ ਨੂੰ ਨਾਵਲੀ ਬਿਰਤਾਂਤ ਦਾ ਆਧਾਰ ਬਣਾਇਆ ਗਿਆ ਹੈ। ਭਾਵੇਂ ਦੋਹਾਂ ਨਾਇਕਾਂ ਦਾ ਇਤਿਹਾਸਕ ਸਮਾਂ, ਰਾਜਨੀਤਕ ਪ੍ਰਸੰਗ ਅਤੇ ਸੰਘਰਸ਼ ਦੇ ਰੂਪ ਵੱਖਰੇ ਹਨ ਪਰੰਤੂ ਦਮਨਕਾਰੀ ਸੱਤਾ ਵਿਰੁੱਧ ਪ੍ਰਤੀਰੋਧ ਅਤੇ ਲੋਕ-ਹਿੱਤ ਲਈ ਸੰਘਰਸ਼ ਇਨ੍ਹਾਂ ਨੂੰ ਇੱਕ ਸਾਂਝੇ ਵਿਚਾਰਧਾਰਕ ਸੂਤਰ ਨਾਲ ਜੋੜਦਾ ਹੈ। 'ਢਾਹਵਾਂ ਦਿੱਲੀ ਦੇ ਕਿੰਗਰੇ' ਵਿੱਚ ਦੁੱਲਾ ਭੱਟੀ ਰਾਹੀਂ ਮੁਗ਼ਲ ਸੱਤਾ ਦੇ ਵਿਰੁੱਧ ਉੱਭਰੀ ਲੋਕ ਵਿਦਰੋਹੀ ਚੇਤਨਾ ਨੂੰ ਪ੍ਰਗਟਾਇਆ ਗਿਆ ਹੈ ਜਦਕਿ 'ਸਤਲੁਜ ਵਹਿੰਦਾ ਰਿਹਾ' ਵਿੱਚ ਭਗਤ ਸਿੰਘ ਦੇ ਪਾਤਰ ਰਾਹੀਂ ਬਸਤੀਵਾਦੀ ਹਕੂਮਤ ਵਿਰੁੱਧ ਕ੍ਰਾਂਤੀਕਾਰੀ ਸੰਘਰਸ਼ ਅਤੇ ਆਜ਼ਾਦੀ ਦੀ ਚੇਤਨਾ ਨੂੰ ਪੇਸ਼ ਕੀਤਾ ਗਿਆ ਹੈ। ਦੋਹਾਂ ਨਾਇਕਾਂ ਦੀ ਵਿਚਾਰਧਾਰਾ, ਸੰਘਰਸ਼-ਵਿਧੀ ਅਤੇ ਸਮਕਾਲੀਨ ਰਾਜਨੀਤਕ ਸੰਦਰਭਾਂ ਵਿੱਚ ਅੰਤਰ ਵੀ ਸਪਸ਼ਟ ਹੁੰਦੇ ਹਨ। ਇਸ ਪੱਖੋਂ ਦੋਹਾਂ ਨਾਵਲਾਂ ਦਾ ਤੁਲਨਾਤਮਕ ਅਧਿਐਨ ਇਤਿਹਾਸ, ਵਿਚਾਰਧਾਰਾ, ਪ੍ਰਤੀਰੋਧ ਅਤੇ ਪੰਜਾਬੀ ਲੋਕ-ਚੇਤਨਾ ਦੇ ਅੰਤਰ-ਸਬੰਧਾਂ ਨੂੰ ਸਮਝਣ ਲਈ ਮਹੱਤਵਪੂਰਨ ਹੈ।*

### ਮੁੱਖ-ਸ਼ਬਦ (Keywords)

*ਕ੍ਰਾਂਤੀਕਾਰੀ, ਲੋਕ ਚੇਤਨਾ, ਸਮਾਜਵਾਦ, ਬਗ਼ਾਵਤ, ਤੁਲਨਾਤਮਕ ਅਧਿਐਨ, ਸ਼ਹਾਦਤ, ਕਿਸਾਨ- ਮਜ਼ਦੂਰ ਸੰਘਰਸ਼।*

ਬਲਦੇਵ ਸਿੰਘ ਆਧੁਨਿਕ ਪੰਜਾਬੀ ਗਲਪ ਦੇ ਖੇਤਰ ਵਿਚ ਪ੍ਰਸਿੱਧ ਹਸਤਾਖ਼ਰ ਹੈ। ਉਸਨੇ ਪੰਜਾਬੀ ਨਾਟਕ ਅਤੇ ਕਹਾਣੀ ਦੇ ਖੇਤਰ ਵਿੱਚ ਵੀ ਸਾਹਿਤ ਰਚਨਾ ਕੀਤੀ ਹੈ ਪਰੰਤੂ ਪੰਜਾਬੀ ਨਾਵਲ ਦੇ ਖੇਤਰ ਵਿੱਚ ਖੂਬ ਨਾਮਣਾ ਖੱਟਿਆ ਹੈ। ਉਸ ਦੀ ਨਾਵਲਕਾਰੀ ਦਾ ਕੇਂਦਰ ਆਮ ਮਨੁੱਖ ਦਾ ਜੀਵਨ, ਪੰਜਾਬ ਦੀ ਸਮਾਜਕ, ਆਰਥਿਕ ਹਕੀਕਤ, ਇਤਿਹਾਸਕ ਚੇਤਨਾ, ਰਾਜਨੀਤਕ ਵਿਡੰਬਨਾਵਾਂ ਅਤੇ ਬਦਲਦੇ ਮਨੁੱਖੀ ਰਿਸ਼ਤੇ ਹਨ। ਉਹ ਹਾਸ਼ੀਏ 'ਤੇ ਰਹਿੰਦੇ ਲੋਕਾਂ, ਕਿਸਾਨਾਂ, ਮਜ਼ਦੂਰਾਂ ਅਤੇ ਆਮ ਪੰਜਾਬੀ ਮਨੁੱਖ ਦੀਆਂ ਸਮੱਸਿਆਵਾਂ ਨੂੰ ਸੰਵੇਦਨਸ਼ੀਲਤਾ ਨਾਲ ਉਭਾਰਦਾ ਹੈ। ਹੁਣ ਲਗਭਗ ਪਿਛਲੇ ਦੋ ਦਹਾਕਿਆਂ ਤੋਂ ਉਹ ਇਤਿਹਾਸਕ ਨਾਵਲ ਰਚਨਾ ਨਾਲ ਜੁੜਿਆ ਹੋਇਆ ਹੈ। ਬਲਦੇਵ ਸਿੰਘ ਇਤਿਹਾਸਕ ਨਾਵਲਾਂ ਵਿੱਚ ਇਤਿਹਾਸਕ ਵੇਰਵੇ ਹੀ ਪੇਸ਼ ਨਹੀਂ ਕਰਦਾ, ਸਗੋਂ ਵਰਤਮਾਨ ਨੂੰ ਸਮਝਣ ਵਾਲੀ ਚੇਤਨਾ ਅਤੇ ਨਵ ਇਤਿਹਾਸ ਦੀ ਸਿਰਜਣਾ ਵੀ ਕਰਦਾ ਹੈ। ਇਸ ਤਰ੍ਹਾਂ ਬਲਦੇਵ ਸਿੰਘ ਦੀ ਨਾਵਲਕਾਰੀ ਪੰਜਾਬੀ ਨਾਵਲ ਨੂੰ ਯਥਾਰਥ, ਇਤਿਹਾਸ, ਲੋਕ-ਚੇਤਨਾ ਅਤੇ ਸਮਕਾਲੀ ਸਰੋਕਾਰਾਂ ਨਾਲ ਜੋੜਨ ਵਾਲੀ ਮਹੱਤਵਪੂਰਨ ਨਾਵਲ ਪਰੰਪਰਾ ਦਾ ਵਿਕਾਸ ਕਰਦੀ ਹੈ। ਅੰਨਦਾਤਾ, ਖਾਕੂ ਜੇਡ ਨਾ ਕੋਇ, ਲਾਲ ਬੱਤੀ, ਅਫਲਾਤੂ, ਸੂਰਜ ਦੀ ਅੱਖ, ਮਹਾਂਬਲੀ ਸੂਰਾ, ਪੰਜਵਾਂ ਸਾਹਿਬਜ਼ਾਦਾ, ਢਾਹਵਾਂ ਦਿੱਲੀ ਦੇ ਕਿੰਗਰੇ, ਸਤਲੁਜ ਵਹਿੰਦਾ ਰਿਹਾ, ਸੂਰਜ ਕਦੇ ਨਹੀਂ ਮਰਦਾ ਆਦਿ ਬਲਦੇਵ ਸਿੰਘ ਦੇ ਚਰਚਿਤ ਨਾਵਲ ਹਨ।

ਬਲਦੇਵ ਸਿੰਘ ਦੁਆਰਾ ਰਚਿਤ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਸਤਲੁਜੁ ਵਹਿੰਦਾ ਰਿਹਾ' ਪੰਜਾਬ/ਭਾਰਤ ਦੇ ਇਤਿਹਾਸ ਨਾਲ ਸਬੰਧਤ ਮਹੱਤਵਪੂਰਨ ਨਾਵਲ ਹਨ। ਇਨ੍ਹਾਂ ਵਿੱਚ ਕ੍ਰਮਵਾਰ ਦੁੱਲਾ ਭੱਟੀ ਅਤੇ ਭਗਤ ਸਿੰਘ ਦੇ ਜੀਵਨ-ਪ੍ਰਸੰਗਾਂ ਨੂੰ ਕੇਂਦਰ ਬਣਾਉਂਦਿਆਂ ਉਨ੍ਹਾਂ ਦੀ ਪਰਿਵਾਰਕ ਪਿੱਠਭੂਮੀ, ਵਿਚਾਰਧਾਰਕ ਚੇਤਨਾ, ਸੰਘਰਸ਼ਮਈ ਜੀਵਨ ਅਤੇ ਸਮਕਾਲੀ ਸੱਤਾ-ਵਿਵਸਥਾ ਪ੍ਰਤੀ ਵਿਰੋਧ ਆਦਿ

ਦਾ ਗਾਲਪਨਿਕ ਬਿਰਤਾਂਤ ਸਿਰਜਿਆ ਗਿਆ ਹੈ। ਦੋਵੇਂ ਨਾਵਲ ਇਤਿਹਾਸ ਅਤੇ ਗਲਪ ਦੇ ਅੰਤਰ-ਸਬੰਧ ਰਾਹੀਂ ਨਾਇਕਾਂ ਦੀ ਬਗ਼ਾਵਤੀ ਚੇਤਨਾ ਨੂੰ ਉਭਾਰਦੇ ਹਨ, ਹਾਲਾਂਕਿ ਇਤਿਹਾਸਕ ਸੰਦਰਭ, ਸੰਘਰਸ਼ ਦੇ ਸਰੂਪ ਅਤੇ ਵਿਚਾਰਧਾਰਕ ਪਸਾਰ ਪੱਖੋਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਹੱਥਲੇ ਖੋਜ ਪੱਤਰ ਦੁਆਰਾ 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਸਤਲੁਜ ਵਹਿੰਦਾ ਰਿਹਾ' ਨਾਵਲਾਂ ਦਾ ਤੁਲਨਾਤਮਕ ਅਧਿਐਨ ਕਰਕੇ ਇਹਨਾਂ ਵਿੱਚ ਵੱਖ ਵੱਖ ਪੱਖਾਂ ਤੋਂ ਪੇਸ਼ ਸਮਾਨਤਾਵਾਂ ਅਤੇ ਅਸਮਾਨਤਾਵਾਂ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਸੋ ਪਹਿਲਾਂ ਤੁਲਨਾਤਮਕ ਅਧਿਐਨ ਵਿਧੀ ਬਾਰੇ ਜਾਣ ਲੈਣਾ ਉਚਿਤ ਹੋਵੇਗਾ। ਤੁਲਨਾਤਮਕ ਅਧਿਐਨ ਤੋਂ ਭਾਵ ਦੋ ਜਾਂ ਦੋ ਤੋਂ ਵਧੇਰੇ ਸਾਹਿਤ ਰਚਨਾਵਾਂ ਦੀਆਂ ਸਮਾਨਤਾਵਾਂ ਅਸਮਾਨਤਾ ਨੂੰ ਮੂਰਤੀਮਾਨ ਕਰਨ ਲਈ ਜਿਹੜੀ ਜਾਂਚ ਪੜਤਾਲ ਜਾਂ ਅਧਿਐਨ ਕੀਤਾ ਜਾਂਦਾ ਹੈ ਉਸ ਨੂੰ ਤੁਲਨਾਤਮਕ ਅਧਿਐਨ ਕਿਹਾ ਜਾਂਦਾ ਹੈ। ਤੁਲਨਾਤਮਕ ਸਾਹਿਤ, ਤੁਲਨਾਤਮਕ ਆਲੋਚਨਾ, ਤੁਲਨਾਤਮਕ ਸਾਹਿਤ ਵਿਸ਼ਲੇਸ਼ਣ ਆਦਿ ਤੁਲਨਾਤਮਕ ਅਧਿਐਨ ਦੇ ਹੀ ਉਪ ਅੰਗ ਹਨ। *"ਤੁਲਨਾਤਮਕ ਅਧਿਐਨ ਬਾਰੇ ਅੰਗਰੇਜ਼ੀ ਭਾਸ਼ਾ ਦਾ ਪ੍ਰਾਇਵਾਚੀ ਸ਼ਬਦ 'ਕੰਪੈਰੇਟਿਵ ਸਟੱਡੀ' (Comparative Study) ਹੈ। 'ਕੰਪੈਰੇਟਿਵ ਸ਼ਬਦ ਦੇ ਅਰਥ ਹਨ- ਤੁਲਨਾਤਮਕ, ਤੁਲਨਾਵਾਚੀ, ਮੁਕਾਬਲੇ ਦਾ, ਟਾਕਰਵਾਂ। ਇਸੇ ਤਰ੍ਹਾਂ ਸਟੱਡੀ ਦੇ ਅਰਥ ਹਨ- ਪੜ੍ਹਾਈ, ਪਾਠ, ਅਭਿਆਸ, ਘੋਖ(ਕਿਸੇ ਖਾਸ ਕਲਾ ਜਾਂ ਵਿਦਿਆ ਦਾ) ਅਧਿਐਨ ਵਿਸ਼ਾ, ਚਿੰਤਨ ਜਾਂ ਸਾਧਨਾ ਦੁਆਰਾ ਪ੍ਰਾਪਤ ਵਸਤੂ ਆਦਿ।"* [1]

ਡਾ. ਸਤਿੰਦਰ ਸਿੰਘ ਅਨੁਸਾਰ, *"ਤੁਲਨਾਤਮਕ ਸਾਹਿਤ ਮੂਲ ਤੌਰ 'ਤੇ ਇੱਕ ਵਿਧੀ ਹੈ ਜਿਸ ਰਾਹੀਂ ਅਸੀਂ ਵੱਖ-ਵੱਖ ਸਾਹਿਤਾਂ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕਰਦੇ ਹਾਂ। ਇਹ ਵਿਧੀ ਇੱਕ ਤੋਂ ਵੱਧ ਸਹਿਤਾਂ ਦੇ ਇਤਿਹਾਸਮੂਲਕ ਅਤੇ ਸੁਹਜਮੂਲਕ ਪਸਾਰਾਂ ਨਾਲ ਸਬੰਧਤ ਹੈ। ਇਸ ਦਾ ਸਬੰਧ ਆਲੋਚਕ ਦੇ ਮੂਲ ਸੰਦਾਂ ਨਾਲ ਵੀ ਹੈ।"* [2]

ਇਸ ਤਰ੍ਹਾਂ ਤੁਲਨਾਤਮਕ ਅਧਿਐਨ ਤੋਂ ਭਾਵ ਇੱਕ ਅਜਿਹੀ ਵਿਧੀ ਤੋਂ ਹੈ ਜਿਸ ਦੇ ਅੰਤਰਗਤ ਦੋ ਜਾਂ ਦੋ ਤੋਂ ਵਧੇਰੇ ਸਾਹਿਤਕ ਵਿਧਾਵਾਂ, ਕਾਲਾਂ, ਸਾਹਿਤਕ ਧਰਾਵਾਂ, ਸਾਹਿਤ ਦੇ ਅੰਤਰਗਤ ਮਿਲਦੇ ਧਾਰਮਿਕ, ਸਮਾਜਕ, ਆਰਥਿਕ, ਸਭਿਆਚਾਰਕ ਆਦਿ ਵਰਤਾਰਿਆਂ ਦਾ ਵਿਭਿੰਨ ਪੱਖਾਂ ਤੋਂ ਤੁਲਨਾਤਮਕ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਸਤਲੁਜ ਵਹਿੰਦਾ ਰਿਹਾ' ਨਾਵਲਾਂ ਦਾ ਤੁਲਨਾਤਮਕ ਅਧਿਐਨ ਕਰਦੇ ਹੋਏ ਨਾਵਲਾਂ ਵਿਚਲੇ ਬਿਰਤਾਂਤ ਸਿਰਜਣ ਕਾਲ ਦੀ ਗੱਲ ਕੀਤੀ ਜਾਵੇ ਤਾਂ ਸਤਲੁਜ ਵਹਿੰਦਾ ਰਿਹਾ ਨਾਵਲ ਦਾ ਬਿਰਤਾਂਤ ਸਿਰਜਣ ਕਾਲ 1923 ਤੋਂ 1931 ਤੱਕ 8 ਸਾਲ ਦਾ ਸਮਾਂ ਹੈ। ਨਾਵਲਕਾਰ ਵੱਲੋਂ ਪਿਛਲਝਾਤ ਜੁਗਤ ਦੁਆਰਾ ਭਗਤ ਸਿੰਘ ਦੇ ਬਚਪਨ ਤੋਂ ਲੈ ਕੇ ਸਾਰੇ ਇਤਿਹਾਸਕ ਪਿਛੋਕੜ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਢਾਹਵਾਂ ਦਿੱਲੀ ਦੇ ਕਿੰਗਰੇ ਨਾਵਲ ਵਿਚ 16ਵੀਂ ਸਦੀ ਦੇ ਸਮੇਂ ਦਾ ਬਿਰਤਾਂਤ ਗਿਆ ਹੈ। ਇੱਕ ਪਾਸੇ ਲੋਕ ਨਾਇਕ ਦੁੱਲਾ ਭੱਟੀ ਨੇ 16ਵੀਂ ਸਦੀ ਦੇ ਬਾਦਸ਼ਾਹ ਅਕਬਰ ਨਾਲ ਮੱਥਾ ਲਾ ਕੇ ਸਾਂਦਲਬਾਰ ਦੀ ਭੂਮੀ ਤੇ ਲੁਕਾਈ ਦੀ ਰੱਖਿਆ ਲਈ ਕੁਰਬਾਨੀ ਦਿੱਤੀ। ਦੂਜੇ ਪਾਸੇ ਭਗਤ ਸਿੰਘ ਦੀ ਸਮੁੱਚੇ ਭਾਰਤ ਦੀ ਆਜ਼ਾਦੀ ਖ਼ਾਤਰ ਅੰਗਰੇਜ਼ਾਂ ਨੂੰ ਭਾਰਤ ਵਿੱਚ ਬਾਹਰ ਕੱਢਣ ਲਈ ਸਮੇਂ ਦੀ ਹਕੂਮਤ ਖਿਲਾਫ਼ ਬਗ਼ਾਵਤ ਕਰਕੇ ਕ੍ਰਾਂਤੀਕਾਰੀ ਭਾਵਨਾ ਤੇ ਵਿਚਾਰਧਾਰਾ ਦੀ ਮਿਸਾਲ ਪੇਸ਼ ਕੀਤੀ ਹੈ। ਇਸ ਬਗ਼ਾਵਤ ਦੇ ਸਿੱਟੇ ਵਜੋਂ ਦੁੱਲੇ ਭੱਟੀ ਵਾਂਗ ਭਗਤ ਸਿੰਘ ਤੇ ਸਾਥੀਆਂ ਸੁਖਦੇਵ, ਰਾਜਗੁਰੂ ਨੂੰ 23 ਮਾਰਚ 1931 ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਹਨਾਂ ਦੋਨਾਂ ਸੂਰਮਿਆਂ ਨੇ ਦੀ ਸੱਤਾ ਦੀ ਈਨ ਨਾ ਮੰਨ ਕੇ ਬਗ਼ਾਵਤ ਕਰਨ ਦੇ ਨਾਲ ਆਪਣੇ ਸਮਕਾਲੀਨ ਸਮਾਜ ਨੂੰ ਆਪਣੇ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਸ਼ਖ਼ਸੀ ਆਜ਼ਾਦੀ ਆਦਿ ਹੱਕਾਂ ਪ੍ਰਤੀ ਚੇਤਨ ਕੀਤਾ। ਜਿਸ ਦੇ ਨਤੀਜੇ ਵਜੋਂ ਬਲਦੇਵ ਸਿੰਘ ਦੁਆਰਾ ਰਚਿਤ ਦੋਨੇ ਨਾਵਲ ਨਾਇਕ ਮੁਖੀ ਨਾਵਲਾਂ ਵਜੋਂ ਪਾਠਕਾਂ ਦੇ ਸਾਹਮਣੇ ਪੇਸ਼ ਹੁੰਦੇ ਹਨ।

ਤੁਲਨਾਤਮਕ ਅਧਿਐਨ ਦ੍ਰਿਸ਼ਟੀ ਤੋਂ ਇਹਨਾਂ ਦੋਨਾਂ ਨਾਵਲਾਂ ਵਿੱਚ ਪਹਿਲੀ ਸਭ ਤੋਂ ਵੱਡੀ ਸਮਾਨਤਾ ਇਹ ਨਜ਼ਰ ਆਉਂਦੀ ਹੈ ਕਿ ਦੋਵੇਂ ਨਾਇਕ ਦੁੱਲਾ ਭੱਟੀ ਤੇ ਭਗਤ ਸਿੰਘ ਦੇ ਵੱਡ ਵਡੇਰਿਆਂ ਨੂੰ ਸਮੇਂ ਦੀ ਹਕੂਮਤ ਦੇ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਿਆ। ਜਿਸ ਕਾਰਨ ਦੋਨਾਂ ਨਾਇਕਾਂ ਦੀ ਮਾਨਸਿਕਤਾ ਵਿੱਚ ਸੱਤਾ ਪ੍ਰਤੀ ਰੋਹ ਜਾਗਦਾ ਹੈ। ਦੁੱਲੇ ਭੱਟੀ ਦੇ ਬਗ਼ਾਵਤ ਅਤੇ ਨਾਬਰੀ ਦਾ ਕਾਰਨ ਅਕਬਰ ਬਾਦਸ਼ਾਹ ਵੱਲੋਂ ਉਸ ਦੇ ਦਾਦਾ ਬਿਜਲੀ ਖ਼ਾਨ ਤੇ ਪਿਤਾ ਫਰੀਦ ਖ਼ਾਨ ਭੱਟੀ ਨੂੰ ਫਾਂਸੀ ਉਤੇ ਚੜਾਉਣਾ ਸਾਹਮਣੇ ਆਉਂਦਾ ਹੈ। ਕਿਉਂਕਿ ਉਸਦੇ ਦਾਦਾ ਅਤੇ ਪਿਤਾ ਦੋਨਾਂ ਨੇ ਬਾਦਸ਼ਾਹ ਦੀ ਈਨ ਨਾ ਮੰਨ ਕੇ ਸਾਂਦਲਬਾਰ ਦੇ ਲੋਕਾਂ ਨੂੰ ਲਗਾਨ ਨਾ ਦੇਣ ਲਈ ਸੱਤਾ ਦੇ ਖਿਲਾਫ਼ ਆਪਣੇ ਨਾਲ ਜੋੜਿਆ ਸੀ। ਜਿਸ ਦੇ ਨਤੀਜੇ ਵਜੋਂ ਅਕਬਰ ਦੇ ਦਰਬਾਰ ਵੱਲੋਂ ਉਹਨਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਉਹਨਾਂ ਦੀਆਂ ਖੱਲਾਂ ਨੂੰ ਤੂੜੀ ਭਰਵਾ ਕੇ ਲਾਹੌਰ ਸ਼ਹਿਰ ਦੇ ਦਰਵਾਜ਼ੇ ਉੱਪਰ ਟੰਗ ਦਿੱਤਾ ਗਿਆ। ਸਤਲੁਜ ਵਹਿੰਦਾ ਰਿਹਾ ਨਾਵਲ ਦੇ ਹਵਾਲੇ ਨਾਲ ਵੀ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਨੂੰ ਅੰਗਰੇਜ਼ ਹਕੂਮਤ ਨੇ ਜਲਾਵਤਨ ਕੀਤਾ ਹੋਇਆ ਸੀ ਦੂਜਾ ਚਾਚਾ ਸਵਰਨ ਸਿੰਘ ਵੀ ਆਜ਼ਾਦੀ ਦੀ ਲੜਾਈ ਕਰਕੇ ਜੇਲ ਵਿੱਚ ਸ਼ਹੀਦੀ ਪ੍ਰਾਪਤ ਕਰ ਗਿਆ ਸੀ। ਜਿਸ ਕਾਰਨ ਭਗਤ ਸਿੰਘ ਦਾ ਸਾਰਾ ਪਰਿਵਾਰ ਉਦਾਸ ਤੇ ਦੁਖੀ ਰਹਿੰਦਾ ਹੈ। ਘਰ ਦਾ ਅਜਿਹਾ ਮਾਹੌਲ ਦੇਖ ਕੇ ਭਗਤ ਸਿੰਘ ਦੀ ਮਾਨਸਿਕਤਾ ਵਿੱਚ ਅੰਗਰੇਜ਼ਾਂ ਪ੍ਰਤੀ ਬਗ਼ਾਵਤ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਉਹ ਬਚਪਨ ਤੋਂ ਹੀ ਭਾਰਤ ਵਿੱਚੋਂ ਅੰਗਰੇਜ਼ਾਂ ਨੂੰ ਭਜਾਉਣ ਦੀਆਂ ਗੱਲਾਂ ਸੋਚਣੀਆਂ ਸ਼ੁਰੂ ਕਰ ਦਿੰਦਾ ਹੈ:

*"ਇੱਕ ਦਿਨ ਆਪਣੇ ਬਾਪੂ ਨਾਲ ਖੇਤ ਗਿਆ ਸੀ ਤੇ ਉੱਥੇ ਖੇਤਾਂ ਵਿੱਚ ਤੀਲੇ ਗੱਡ ਕੇ ਖੇਡਣ ਲੱਗ ਗਿਆ, ਉੱਥੇ ਹੀ ਕਿਸ਼ਨ ਸਿੰਘ ਦਾ ਇੱਕ ਮਿੱਤਰ ਆ ਗਿਆ ਸੀ ਉਸ ਨੇ ਪੁੱਛਿਆ ਸੀ...*
*ਇਹ ਕੀ ਕਰੀ ਜਾਨਾ ਪੁੱਤਰਾ?*
*ਦਮੂਕਾਂ ਬੀਜਦਾਂ... ਭਗਤ ਸਿੰਘ ਨੇ ਚਾਅ ਨਾਲ ਕਿਹਾ ਸੀ।*
*ਕੀ ਕਰੇਗਾ ਓਏ ਦਮੂਕਾਂ?*
*ਗਰੇਜਾਂ ਨੂੰ ਮਾਰੂੰਗਾ।*
*ਤੇ ਉਸ ਨੇ ਕਿਹਾ ਸੀ ਕਿਸ਼ਨ ਸਿੰਘ ਤੇਰਾ ਪੁੱਤਰ ਤਾਂ ਬਹਾਦਰ ਬਣੇਗਾ।"* [3]

ਇੱਥੇ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਢਾਹਵਾਂ ਦਿੱਲੀ ਦੇ ਕਿੰਗਰੇ ਵਿੱਚ ਦੁੱਲਾ ਭੱਟੀ ਜੋ ਕਿ ਪਹਿਲਾਂ ਇਸ ਘਟਨਾ ਤੋਂ ਬੇਖ਼ਬਰ ਰਹਿੰਦਾ ਸੀ, ਜਿਸ ਕਾਰਨ ਆਪਣੇ ਯਾਰਾਂ ਨਾਲ ਅਕਸਰ ਝਿੜੀ ਵਿੱਚ ਮਹਿਫਲਾਂ ਦਾ ਆਨੰਦ ਮਾਣਦਾ ਹੈ, ਸ਼ਰਾਬਾਂ ਦੇ ਦੌਰ ਚੱਲਦੇ ਹਨ, ਖੂਹ ਤੋਂ ਪਾਣੀ ਭਰਦੀਆਂ ਕੁੜੀਆਂ ਦੇ ਘੜੇ ਭੰਨ ਕੇ ਮਸਤੀਆਂ ਕਰਦੇ ਰਹਿਣਾ ਉਸਦਾ ਸ਼ੁਗਲ ਰਹਿੰਦਾ ਹੈ। ਦੁੱਲੇ ਦੀ ਮਾਂ ਲੱਧੀ ਦੁੱਲੇ ਦੇ ਪਿਓ ਦਾਦੇ ਨਾਲ ਹੋਈ ਬੀਤੀ ਉਸ ਕੋਲੋਂ ਲੁਕਾ ਕੇ ਰੱਖਦੀ ਹੈ। ਇਸ ਸਾਰੇ ਘਟਨਾਕ੍ਰਮ ਦਾ ਪਤਾ ਦੁੱਲੇ ਨੂੰ ਵੱਡੇ ਹੋਣ ਤੋਂ ਬਾਅਦ ਪਤਾ ਲੱਗਦਾ ਹੈ। ਜਿਸ ਕਰਕੇ ਉਹ ਅਕਬਰ ਤੋਂ ਬਦਲਾ ਲੈਣ ਦੀ ਠਾਣਦਾ ਹੈ ਪਰੰਤੂ ਸਤਲੁਜ ਵਹਿੰਦਾ ਰਿਹਾ ਵਿੱਚ ਭਗਤ ਸਿੰਘ ਬਚਪਨ ਤੋਂ ਹੀ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢ ਦੇਣ ਅਤੇ ਪੂਰਨ ਆਜ਼ਾਦੀ ਪ੍ਰਾਪਤ ਕਰਨ ਦੀਆਂ

ਗੱਲਾਂ ਕਰਦਾ ਹੈ।

ਦੋਵਾਂ ਨਾਵਲਾਂ ਦੇ ਨਾਇਕਾਂ ਦੇ ਗ੍ਰਹਿਸਥ ਜੀਵਨ ਦੀ ਤੁਲਨਾ ਕੀਤੀ ਜਾਵੇ ਤਾਂ ਢਾਹਵਾਂ ਦਿੱਲੀ ਦੇ ਕਿੰਗਰੇ ਨਾਵਲ ਵਿੱਚ ਦੁੱਲੇ ਭੱਟੀ ਦਾ ਵਿਆਹ ਹੋ ਚੁੱਕਾ ਸੀ। ਉਸਦੀ ਪਤਨੀ, ਇੱਕ ਪੁੱਤਰ ਨੂਰਾ ਅਤੇ ਧੀ ਘਰ ਵਿੱਚ ਸਨ। ਇਸ ਤੋਂ ਇਲਾਵਾ ਨੂਰਾਂ ਨਾਮਕ ਔਰਤ ਨਾਲ ਦੁੱਲੇ ਦੇ ਵਿਆਹ ਬਾਹਰੇ ਸਬੰਧ ਵੀ ਸਨ। ਜਦੋਂ ਦੁੱਲਾ ਭੱਟੀ ਅਕਬਰ ਨਾਲ ਬਗ਼ਾਵਤ ਕਰਨ ਦਾ ਪ੍ਰਣ ਕਰ ਲੈਂਦਾ ਤਾਂ ਨਿੱਜੀ ਮੋਹ ਪਿਆਰ, ਮੁਹੱਬਤ ਵਰਗੇ ਰਿਸ਼ਤਿਆਂ ਤੋਂ ਉੱਪਰ ਉੱਠ ਕੇ ਇੱਕ ਯੋਧੇ ਦੇ ਵਜੋਂ ਰੂਪਮਾਨ ਹੁੰਦਾ ਹੈ। ਉਹ ਉਸ ਸਮੇਂ ਨਾ ਤਾਂ ਆਪਣੇ ਪਰਿਵਾਰ ਦੀ ਪਰਵਾਹ ਕਰਦਾ ਹੈ ਤੇ ਨਾ ਹੀ ਆਪਣੇ ਇਸ਼ਕ ਨੂਰਾਂ ਦੀ...। *"ਬਸ ਨੂਰਾਂ ਮੋਹ ਨਾ ਮੈਨੂੰ ਕਰਨਾ ਆਉਂਦਾ, ਨਾ ਮੈਥੋਂ ਸੁਣਿਆ ਜਾਂਦਾ। ਏਨਾ ਜਾਣ ਲੈ, ਤੇਰਾ ਦੁੱਲਾ ਅਕਬਰ ਦੀ ਧੌਂਸ ਸਹਿਣ ਲਈ ਨਹੀਂ ਜੰਮਿਆ। ਤੈਨੂੰ ਦੱਸਿਆ ਸੀ, ਮਾਂ ਨੇ ਸਾਣ ਲੱਗੀ ਤਲਵਾਰ ਦੀ ਗੁੜ੍ਹਤੀ ਦਿੱਤੀ ਸਾਈ। ਇਹ ਗੁੜ੍ਹਤੀ ਮੈਨੂੰ ਚੈਨ ਨਾਲ ਨਹੀਂ ਸੌਣ ਦਿੰਦੀ ਨੂਰਾਂ। ਅੱਖ ਲੱਗਦੀ ਹੈ ਮੈਨੂੰ ਅੱਬਾ, ਦਾਦਾ ਦਿਸਦੇ ਨੇ। ਪਿੰਡੀ ਉੱਜੜ ਗਈ ਦਿਸਦੀ ਏ। ਮਾਂ ਵਿਰਲਾਪ ਕਰਦੀ ਏ। ਕੀ ਕਰਾਂ? ਜੀ ਕਰਦਾ ਇਹ ਕੰਧਾਂ 'ਚ ਟੱਕਰਾਂ ਮਾਰਾਂ। ਭੋਏਂ ਪਾੜ ਦਿਆਂ, ਅੰਬਰਾਂ ਦੇ ਲੰਗਾਰ ਲਾ ਦਿਆਂ। ਫੇਰ ਮੈਨੂੰ ਨਾ ਆਪਣੀ ਰੰਨ ਦਿਸਦੀ ਏ, ਨਾ ਪੁੱਤਰ ਦਿਸਦਾ ਏ, ਨਾ ਧੀਆਂ ਦਿਸਦੀਆਂ ਨੇ, ਨਾ ਮਾਂ ਦਿਸਦੀ ਏ। ਸੱਚ ਆਖਾਂ ਤਾਂ ਮੈਨੂੰ ਤੂੰ ਵੀ ਨਹੀਂ ਦਿਸਦੀ ਨੂਰਾਂ ਮਾਫ਼ ਕਰੀਂ ਮੈਨੂੰ।"* [4]

ਦੂਜੇ ਪਾਸੇ ਭਗਤ ਸਿੰਘ ਜਦੋਂ ਜਵਾਨ ਹੁੰਦਾ ਹੈ ਤਾਂ ਉਸਦੇ ਮਾਂ ਬਾਪ ਉਸ ਦਾ ਵਿਆਹ ਕਰਨਾ ਚਾਹੁੰਦੇ ਹਨ ਤਾਂ ਕਿ ਭਗਤ ਸਿੰਘ ਦਾ ਮਨ ਆਜ਼ਾਦੀ ਦੇ ਸੰਗਰਾਮ ਵੱਲੋਂ ਹਟ ਕੇ ਗ੍ਰਹਿਸਥ ਜੀਵਨ ਵਿੱਚ ਲੱਗ ਜਾਵੇ। ਕੁੜੀ ਵਾਲੇ ਭਗਤ ਸਿੰਘ ਨੂੰ ਦੇਖ ਕੇ ਪਸੰਦ ਵੀ ਕਰ ਜਾਂਦੇ ਹਨ। ਮੰਗਣੀ ਕਰਨ ਦਾ ਦਿਨ ਵੀ ਤਹਿ ਹੋ ਜਾਂਦਾ ਹੈ ਪਰੰਤੂ ਜਿਸ ਦਿਨ ਮੰਗਣੀ ਹੁੰਦੀ ਹੈ ਭਗਤ ਸਿੰਘ ਘਰ ਵਾਪਸ ਨਹੀਂ ਆਉਂਦਾ। ਇੱਥੇ ਭਗਤ ਸਿੰਘ ਆਪਣੇ ਨਿਜੀ ਮੋਹ ਅਤੇ ਖੁਸ਼ੀਆਂ ਖੇੜੇ ਤੋਂ ਉੱਪਰ ਉੱਠ ਕੇ ਆਪਣੇ ਦੇਸ਼ ਨੂੰ ਮੁੱਖ ਰੱਖਦਾ ਹੈ ਤੇ ਘਰ ਵਾਲਿਆਂ ਨੂੰ ਇੱਕ ਚਿੱਠੀ ਰਾਹੀਂ ਸਮਝਾਉਂਦਾ ਹੈ। *"ਮੇਰੀ ਜ਼ਿੰਦਗੀ ਹਿੰਦ ਦੀ ਆਜ਼ਾਦੀ ਲਈ ਅਰਪਣ ਹੈ। ਜ਼ਿੰਦਗੀ 'ਚ ਆਰਾਮ 'ਤੇ ਦੁਨਿਆਵੀ ਖੁਸ਼ੀਆਂ ਦੀ ਮੈਨੂੰ ਕੋਈ ਖਿੱਚ ਨਹੀਂ। ਬਾਬਾ ਜੀ ਨੇ ਕਿਹਾ ਸੀ ਜਗਤ ਸਿੰਘ ਤੇ ਭਗਤ ਸਿੰਘ ਦੇਸ਼ ਦੀ ਸੇਵਾ ਦੇ ਲੇਖੇ ਲਾਉਣਾ ਹੈ। ਮੈਂ ਬਾਬਾ ਜੀ ਦੀ ਪ੍ਰਤਿਗਿਆ ਪੂਰੀ ਕਰਨ ਜਾ ਰਿਹਾ ਹਾਂ। ਉਮੀਦ ਹੈ ਮੈਨੂੰ ਮਾਫ਼ ਕਰੋਗੇ।"* [5]

ਤੁਲਨਾਤਮਕ ਦ੍ਰਿਸ਼ਟੀ ਤੋਂ ਦੋਨਾਂ ਨਾਵਲਾਂ ਵਿੱਚ ਇਥੇ ਇੱਕ ਅਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ । ਢਾਹਵਾਂ ਦਿੱਲੀ ਦੇ ਕਿੰਗਰੇ ਵਿੱਚ ਦੁੱਲਾ ਭੱਟੀ ਸਾਂਦਲਬਾਰ ਦੀ ਭੋਏਂ ਦੀ ਰਾਖੀ ਲਈ ਬਚਨਬੱਧ ਹੈ। ਇਸ ਲਈ ਦੁੱਲੇ ਦੀ ਬਗ਼ਾਵਤ ਦਾ ਮੂਲ ਮਕਸਦ ਅਕਬਰ ਦੇ ਦਰਬਾਰ ਨੂੰ ਲਗਾਨ ਦੇਣ ਤੋਂ ਇਨਕਾਰੀ ਹੋਣਾ ਹੈ। ਦੁੱਲੇ ਵੱਲੋਂ ਆਪਣੇ ਪਿਓ ਦਾਦੇ ਦੀ ਲੜਾਈ ਅਤੇ ਬਗ਼ਾਵਤ ਨੂੰ ਨਿਰੰਤਰ ਰੂਪ ਵਿੱਚ ਨਿਭਾਉਣਾ ਹੈ। ਇਸ ਤੋਂ ਵੱਡਾ ਹੋਰ ਉਸ ਦਾ ਮਕਸਦ ਨਹੀਂ। ਦੁੱਲੇ ਭੱਟੀ ਦੀ ਤੁਲਨਾ ਵਿੱਚ ਭਗਤ ਸਿੰਘ ਇੱਕ ਪੜ੍ਹਿਆ ਲਿਖਿਆ, ਸੂਝਵਾਨ, ਵਿਚਾਰਵਾਨ ਵਿਅਕਤੀ ਹੋਣ ਦੇ ਨਤੀਜੇ ਵਜੋਂ ਉਸ ਦੇ ਰਾਜਨੀਤਕ ਸੂਬੇ ਬਹੁਤ ਵੱਡੇ ਹਨ । ਭਗਤ ਸਿੰਘ ਅੰਗਰੇਜ਼ਾਂ ਸਾਹਮਣੇ ਲਗਾਨ ਨਾ ਦੇਣ ਵਰਗੀ ਛੋਟੀ ਮੰਗ ਨੂੰ ਲੈ ਕੇ ਬਗ਼ਾਵਤ ਨਹੀਂ ਕਰਦਾ। ਉਹ ਸਮੁੱਚੇ ਭਾਰਤ ਦੀ ਜ਼ਮੀਨ ਵਿੱਚੋਂ ਅੰਗਰੇਜ਼ਾਂ ਦੀਆਂ ਜੜ੍ਹਾਂ ਪੁੱਟ ਕੇ ਸਿਰੋਂ ਗੁਲਾਮੀ ਦਾ ਜੂਲਾ ਲਾਹੁਣਾ ਚਾਹੁੰਦਾ ਹੈ। ਇਸ ਲਈ ਭਗਤ ਸਿੰਘ ਕ੍ਰਾਂਤੀਕਾਰੀ ਮਨਸੂਬਿਆਂ ਵਿੱਚ ਅੰਗਰੇਜ਼ਾਂ ਕੋਲੋਂ ਆਜ਼ਾਦੀ ਦੀਆਂ ਮੰਗਾਂ ਦੇ ਅੰਤਰਗਤ ਖ਼ਾਸ ਤੌਰ 'ਤੇ ਕਿਸਾਨ ਮਜ਼ਦੂਰ ਦਾ ਰਾਜ ਕਾਇਮ ਕਰਨ ਦਾ ਟੀਚਾ, ਹਿੰਦੂ ਮੁਸਲਿਮ ਏਕਤਾ, ਜਾਤ ਪਾਤ ਦਾ ਖ਼ਾਤਮਾ, ਸਮਾਜਵਾਦ ਦੀ ਸਥਾਪਤੀ ਅਤੇ ਨੌਜਵਾਨਾਂ ਤੇ ਆਮ ਲੋਕਾਂ ਦੀ ਮਾਨਸਿਕਤਾ ਵਿੱਚ ਸਿਆਸੀ ਚੇਤਨਾ ਪੈਦਾ ਕਰਨ ਦੀਆਂ ਮੰਗਾਂ ਨੂੰ ਮਹੱਤਵ ਦਿੰਦਾ ਹੈ।

ਦੋਨਾਂ ਨਾਵਲਾਂ ਦੇ ਮਾਧਿਅਮ ਰਾਹੀਂ ਅਜਿਹੇ ਸਮਾਨਤਾ ਵਾਲੇ ਹਵਾਲੇ ਦੇਖਣ ਨੂੰ ਮਿਲ ਜਾਂਦੇ ਹਨ ਕਿ ਦੋਨਾਂ ਨਾਵਲਾਂ ਦੇ ਨਾਇਕ ਕਿਸੇ ਖਾਸ ਮਕਸਦ ਅਧੀਨ ਡਾਕੇ ਮਾਰਦੇ ਨਜ਼ਰ ਆਉਂਦੇ ਹਨ ਪਰੰਤੂ ਦੋਨਾਂ ਦੁਆਰਾ ਡਾਕੇ ਮਾਰਨ ਦੇ ਮਕਸਦ ਵੱਖਰੇ ਵੱਖਰੇ ਹਨ। ਦੁੱਲਾ ਭੱਟੀ ਅਕਬਰ ਬਾਦਸ਼ਾਹ ਅਕਸਰ ਲਾਹੌਰ ਦੇ ਵਪਾਰੀਆਂ, ਚੌਧਰੀਆਂ, ਅਮੀਰਾਂ ਨੂੰ ਲੁੱਟਦਾ ਨਜ਼ਰ ਆਉਂਦਾ ਹੈ। ਜਿਨ੍ਹਾਂ ਵਿੱਚੋਂ ਪਹਿਲਾਂ ਦੁੱਲੇ ਵੱਲੋਂ ਸ਼ਾਹੀ ਦਰਬਾਰ ਦਾ ਵਪਾਰੀ ਬੱਗਾ ਮਲਕੀਰਾ ਨੂੰ ਲੁੱਟ ਕੇ, ਕਤਲ ਕਰਕੇ, ਉਸਦਾ ਸਿਰ ਮੇਦੇ ਖੱਤਰੀ ਰਾਹੀਂ ਅਕਬਰ ਨੂੰ ਭੇਜ ਕੇ ਉਸ ਦੇ ਹੰਕਾਰ ਨੂੰ ਵੱਡੀ ਸੱਟ ਮਾਰਦਾ ਹੈ। ਉਸ ਦਾ ਇੱਕੋ ਇੱਕ ਮਕਸਦ ਅਕਬਰ ਬਾਦਸ਼ਾਹ ਦੀ ਨੀਂਦ ਹਰਾਮ ਕਰਨਾ ਹੈ। ਇਸ ਦੀ ਤੁਲਨਾ ਵਿੱਚ ਭਗਤ ਸਿੰਘ ਆਪਣੇ ਸਾਥੀਆਂ ਨਾਲ ਮਿਲ ਕੇ ਬੈਂਕ, ਸਰਕਾਰੀ ਖਜ਼ਾਨੇ ਲੁੱਟਣ ਵਰਗੀਆਂ ਕੋਸ਼ਿਸ਼ਾਂ ਕਰਦੇ ਹਨ ਪਰੰਤੂ ਉਹਨਾਂ ਕੋਲੋਂ ਇੱਕ ਕਾਕੋਰੀ ਡਕੈਤੀ ਵੀ ਸਿਰੇ ਨਹੀਂ ਚੜ੍ਹਦੀ। ਇੱਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਭਾਵੇਂ ਦੋਨਾਂ ਨਾਵਲਾਂ ਦੇ ਨਾਇਕ ਡਾਕੇ ਮਾਰਦੇ ਨਜ਼ਰ ਆਉਂਦੇ ਹਨ ਪਰੰਤੂ ਦੋਨਾਂ ਦੇ ਮਕਸਦ ਵਿੱਚ ਇੱਕ ਬਹੁਤ ਵੱਡੀ ਅਸਮਾਨਤਾ ਦੇਖਣ ਨੂੰ ਮਿਲ ਜਾਂਦੀ ਹੈ। ਇੱਕ ਪਾਸੇ ਜਿੱਥੇ ਦੁੱਲਾ ਆਪਣੇ ਪਿਓ ਦਾਦੇ ਦੀ ਮੌਤ ਦਾ ਬਦਲਾ ਲੈਣ ਲਈ ਅਕਬਰ ਬਾਦਸ਼ਾਹ ਦੀ ਨੀਂਦ ਹਰਾਮ ਕਰਨ ਖਾਤਰ ਡਾਕੇ ਮਾਰਦਾ ਹੈ। ਉੱਥੇ ਭਗਤ ਸਿੰਘ ਕੇਵਲ ਪਰਿਵਾਰਕ ਮੈਂਬਰਾਂ ਦੀ ਸਜ਼ਾ ਬਦਲੇ ਸਰਕਾਰ ਵਿਰੁੱਧ ਬਗ਼ਾਵਤ ਨਹੀਂ ਕਰਦਾ ਸਗੋਂ ਉਸਦੀ ਮਾਨਸਿਕਤਾ ਵਿੱਚ ਹੋਰ ਸ਼ਹੀਦਾਂ ਜਿਵੇਂ ਜਲਿਆਂਵਾਲੇ ਬਾਗ਼ ਵਿੱਚ ਸ਼ਹੀਦ ਹੋਏ ਬੇਕਸੂਰ ਲੋਕ, ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ, ਲਾਲਾ ਲਾਜਪਤ ਰਾਏ ਦੀ ਸ਼ਹੀਦੀ ਤੋਂ ਇਲਾਵਾ ਭਾਰਤ ਤੋਂ ਅੰਗਰੇਜ਼ਾਂ ਤੇ ਬਸਤੀਵਾਦ ਦਾ ਖ਼ਾਤਮਾ ਕਰਕੇ ਸਮਾਜਵਾਦੀ ਸਥਾਪਨਾ ਕਰਨ ਵਰਗੇ ਮਨਸੂਬਿਆਂ ਨੂੰ ਅੰਜ਼ਾਮ ਦੇਣਾ ਉਸ ਦਾ ਮਨੋਰਥ ਹੈ। ਕਿਉਂਕਿ ਕ੍ਰਾਂਤੀਕਾਰੀ ਗਤੀਵਿਧੀਆਂ ਨਿਰਵਿਘਨ ਤੇ ਨਿਰੰਤਰ ਚਲਾਉਣ ਲਈ ਪੈਸੇ ਦੀ ਜ਼ਰੂਰਤ ਪੈਂਦੀ ਹੈ ਜੋ ਭਗਤ ਸਿੰਘ ਹੁਰਾਂ ਕੋਲ ਨਹੀਂ ਸੀ। ਇਸ ਲਈ ਮਜ਼ਬੂਰੀ ਵੱਸ ਉਹਨਾਂ ਨੂੰ ਕਦਮ ਉਠਾਉਣਾ ਪੈਂਦਾ ਹੈ।

ਤੁਲਨਾਤਮਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਦੋਨੋਂ ਹੀ ਨਾਇਕ ਸਮੇਂ ਦੀਆਂ ਹਕੂਮਤਾਂ ਵੱਲੋਂ ਗ੍ਰਿਫ਼ਤਾਰ ਕੀਤੇ ਜਾਂਦੇ ਹਨ। ਗ੍ਰਿਫ਼ਤਾਰੀ ਦੇ ਪੱਖ ਤੋਂ ਦੁੱਲਾ ਭੱਟੀ ਅਤੇ ਭਗਤ ਸਿੰਘ ਦੀਆਂ ਅਦਾਲਤੀ ਕਾਰਵਾਈਆਂ ਇੱਕ ਤਰਫ਼ਾ ਚੱਲਦੀਆਂ ਹਨ। ਲਾਹੌਰ ਦਰਬਾਰ ਵਿੱਚ ਅਕਬਰ ਦੀ ਗੈਰਹਾਜ਼ਰੀ ਵਿੱਚ ਨਿਜ਼ਾਮੁਦੀਨ ਦੁੱਲੇ ਭੱਟੀ ਉੱਪਰ ਬਿਨਾਂ ਉਸਦਾ ਪੱਖ ਸੁਣੇ ਮੁਕਦਮਾ ਚਲਾਉਂਦਾ ਹੈ। ਉਸ ਵੱਲੋਂ ਦੁੱਲੇ ਭੱਟੀ ਨੂੰ ਅਕਬਰ ਬਾਦਸ਼ਾਹ ਦੀ ਤੌਹੀਨ ਕਰਨ, ਬਾਦਸ਼ਾਹ ਦਾ ਲਗਾਨ ਨਾ ਦੇਣਾ, ਸ਼ਾਹੂਕਾਰਾਂ ਦੇ ਵਪਾਰੀਆਂ ਨੂੰ ਲੁੱਟਣ ਵਰਗੇ ਦੋਸ਼ ਲਗਾ ਕੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਦੁੱਲੇ ਭੱਟੀ ਵਾਂਗ ਹੀ ਜਦੋਂ ਅਸੈਂਬਲੀ ਵਿੱਚ ਬੰਬ ਧਮਾਕੇ ਤੋਂ ਬਾਅਦ ਭਗਤ ਸਿੰਘ ਅਤੇ ਬੀ ਕੇ ਦੱਤ ਨੂੰ ਪਹਿਲੀ ਵਾਰ ਅਦਾਲਤ 'ਚ ਪੇਸ਼ ਕੀਤਾ ਜਾਂਦਾ ਹੈ। ਇੱਥੇ ਵੀ ਅਦਾਲਤੀ ਕਾਰਵਾਈ ਇੱਕ ਪਾਸੜ ਹੁੰਦੀ ਦਿਖਾਈ ਦਿੰਦੀ ਹੈ। ਅੰਗਰੇਜ਼ੀ ਹਕੂਮਤ ਵੱਲੋਂ ਆਪਣੇ ਸਰਕਾਰੀ ਗਵਾਹਾਂ ਦੇ ਬਿਆਨ ਦਰਜ ਕਰਵਾਏ ਜਾਂਦੇ ਹਨ ਅਤੇ ਭਗਤ ਸਿੰਘ ਹੋਰਾਂ ਨੂੰ ਆਪਣਾ ਪੱਖ ਰੱਖਣ ਦਾ ਸਮਾਂ ਤੱਕ ਨਹੀਂ ਦਿੱਤਾ ਜਾਂਦਾ। ਅਜਿਹੀ ਕਾਰਵਾਈ ਦੇ ਨਤੀਜੇ ਵਜੋਂ ਸਾਂਡਰਸ ਕਤਲ ਕੇਸ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸੁਣਾ ਦਿੱਤੀ ਜਾਂਦੀ ਹੈ।

ਦੁੱਲਾ ਭੱਟੀ ਤੇ ਭਗਤ ਸਿੰਘ ਦੀ ਮਾਨਸਿਕਤਾ ਵਿੱਚ ਵਿਚਾਰਧਾਰਾ ਦੇ ਪੱਖ ਤੋਂ ਬਹੁਤ ਵੱਡੀ ਭਿੰਨਤਾ ਦੇਖਣ ਨੂੰ ਮਿਲ ਜਾਂਦੀ ਹੈ। ਇੱਕ ਪਾਸੇ ਦੁੱਲਾ ਭੱਟੀ ਆਪਣੇ

ਯਾਰਾਂ ਨਾਲ ਝਿੜੀ ਵਿੱਚ ਮਹਿਫਲਾਂ ਦਾ ਆਨੰਦ ਮਾਣਦਾ ਹੈ। ਜਿਸ ਸਮੇਂ ਉਸ ਨੂੰ ਅਕਬਰ ਵੱਲੋਂ ਆਪਣੇ ਪਿਓ ਦਾਦੇ ਨੂੰ ਹੋਈ ਬੀਤੀ ਦਾ ਪਤਾ ਲੱਗਦਾ ਹੈ ਤਾਂ ਉਹ ਅਕਬਰ ਬਾਦਸ਼ਾਹ ਦੇ ਖਿਲਾਫ਼ ਬਗ਼ਾਵਤ ਦਾ ਐਲਾਨ ਕਰ ਦਿੰਦਾ ਹੈ। ਉਸਦੀ ਅਜਿਹੀ ਸੋਚ ਪਿੱਛੇ ਇੱਕੋ ਇੱਕ ਕਾਰਨ ਨਜ਼ਰ ਆਉਂਦਾ ਹੈ, ਉਸਦਾ ਪੜ੍ਹਿਆ ਲਿਖਿਆ ਨਾ ਹੋਣ ਕਰਕੇ ਰਾਜਨੀਤਕ, ਵਿਚਾਰਧਾਰਕ ਚੇਤਨਾ ਦੀ ਘਾਟ ਹੋਣੀ। ਇਸ ਕਥਨ ਦੀ ਪੁਸ਼ਟੀ ਨਾਵਲ ਵਿਚਲੇ ਵਾਰਤਾਲਾਪ ਤੋਂ ਵੀ ਸਪਸ਼ਟ ਹੋ ਜਾਂਦੀ ਹੈ, ਜਦੋਂ ਅਕਬਰ ਬਾਦਸ਼ਾਹ ਦੁੱਲੇ ਬਾਰੇ ਜਾਣਨਾ ਚਾਹੁੰਦਾ ਹੈ *"ਇੱਕ ਦੁੱਲਾ ਰਠੌਰ ਰਾਜਪੂਤ ਏ। ਹਜ਼ੂਰ ਨੂੰ ਯਾਦ ਹੋਣਾ, ਬਹੁਤ ਵਰੇ ਪਹਿਲਾਂ ਇਸ ਦੀ ਮਾਂ ਲੱਧੀ ਨੂੰ ਬੁਲਾ ਕੇ ਹਜ਼ੂਰ ਨੇ ਸਮਝਾਇਆ ਸੀ, ਏਸ ਗਵਾਰ ਲੜਕੇ ਨੂੰ ਕਿਸੇ ਮੌਲਵੀ ਤੋਂ ਤਾਲੀਮ ਦਵਾਈ ਜਾਵੇ। ਹਜ਼ੂਰ ਦੀ ਇੱਛਾ ਸੀ, ਏਸ ਜੰਗਲੀ ਘੋੜੇ ਨੂੰ ਤਾਲੀਮ ਦੀ ਲਗਾਮ ਦੇ ਕੇ ਏਥੇ ਦਰਬਾਰ ਵਿੱਚ ਕੋਈ ਨੌਕਰੀ ਦੇ ਕੇ, ਸ਼ਾਹੀ ਰਹਿਤਲ ਦਾ ਚਕਾ ਚੌਂਧ ਵਿਖਾ ਕੇ ਤਖ਼ਤ ਦਾ ਜੀ ਹਜ਼ੂਰੀਆ ਬਣਾ ਦੇਵਾਂਗੇ, ਪਰ ਅੱਥਰਾ ਮੌਲਵੀ ਨੂੰ ਕੁੱਟ ਕੇ ਮਦਰੱਸੇ ਵਿੱਚੋਂ ਦੌੜ ਗਿਆ। ਹੁਣ ਸਾਂਦਲਬਾਰ ਵਿੱਚ ਇਸਦੀ ਦਹਿਸ਼ਤ ਹੈ। ਵਪਾਰੀਆਂ, ਸ਼ਾਹੂਕਾਰਾਂ ਨੂੰ ਲੁੱਟਦਾ ਏ ਤੇ ਕਹਿੰਦਾ ਨੇ ਗਰੀਬਾਂ ਵਿੱਚ ਤਕਸੀਮ ਕਰ ਦਿੰਦਾ ਏ, ਏ ਉਹੀਓ ਦੁੱਲਾ ਏ ਹਜ਼ੂਰ, ਜਿਸ ਦੇ ਬਾਪ ਔਰ ਦਾਦੇ ਨੂੰ ਹਜ਼ੂਰ ਦੇ ਹੁਕਮ ਨਾਲ ਲਾਹੌਰ ਦੇ ਦਰਵਾਜ਼ਿਆਂ ਵਿੱਚ ਲਟਕਾ ਛੱਡਿਆ ਸੀ।"*[6]

ਦੂਜੇ ਪਾਸੇ ਦੁੱਲਾ ਭੱਟੀ ਦੀ ਤੁਲਨਾ 'ਚ ਭਗਤ ਸਿੰਘ ਬਚਪਨ ਤੋਂ ਹੀ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਦਾ ਚਾਹਵਾਨ ਹੈ। ਭਗਤ ਸਿੰਘ ਦੀ ਅੰਗਰੇਜ਼ਾਂ ਖ਼ਿਲਾਫ਼ ਲੜਾਈ ਇੱਕ ਬੁੱਧੀਜੀਵੀ ਵਿਚਾਰਵਾਨ ਵਜੋਂ ਸੋਚੀ ਸਮਝੀ ਬਗ਼ਾਵਤ ਦਾ ਰੂਪ ਧਾਰਦੀ ਹੈ। ਕਿਉਂਕਿ ਭਗਤ ਸਿੰਘ ਕਾਲਜ 'ਚ ਪੜਨ ਸਮੇਂ ਅੰਗਰੇਜ਼ਾਂ ਦੀਆਂ ਨੀਤੀਆਂ ਦੇ ਵਿਰੁੱਧ ਕ੍ਰਾਂਤੀਕਾਰੀ ਸਰਗਰਮੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੰਦਾ ਹੈ। ਵੱਖ ਵੱਖ ਦੇਸ਼ਾਂ ਦਾ ਸਾਹਿਤ, ਉਥੋਂ ਦੇ ਸਮਾਜਕ, ਆਰਥਿਕ, ਰਾਜਨੀਤਕ ਹਾਲਾਤ ਸਮੇਂ ਭਗਤ ਸਿੰਘ ਦੀ ਮਾਨਸਿਕਤਾ ਤੇ ਵਿਚਾਰਧਾਰਾ ਨੂੰ ਟੁੰਬਦੇ ਹਨ। ਇਥੋਂ ਤੱਕ ਕਿ ਜੇਲ ਵਿੱਚ ਵੀ ਭਗਤ ਸਿੰਘ ਵੱਖ- ਵੱਖ ਕਿਤਾਬਾਂ ਅਤੇ ਸਾਹਿਤ ਦੀ ਮੰਗ ਕਰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਅੰਗਰੇਜ਼ਾਂ ਨਾਲ ਬਗ਼ਾਵਤ ਇੱਕ ਸੋਚੀ ਸਮਝੀ ਤੇ ਰਾਜਨੀਤਕ ਤੇ ਵਿਚਾਰਧਾਰਕ ਬਗ਼ਾਵਤ ਸੀ। *"ਭਗਤ ਸਿੰਘ ਜਿੱਥੇ ਦੇਸ਼ ਤੇ ਵਿਸ਼ਵ ਦੇ ਇਤਿਹਾਸ ਅਤੇ ਇਹਨਾਂ ਦੀਆਂ ਸਥਿਤੀਆਂ ਅਤੇ ਆਦਰਸ਼ਾਂ ਦਾ ਗੰਭੀਰ ਮਿਹਨਤੀ ਤੇ ਸੁਹਿਰਦ ਵਿਦਿਆਰਥੀ ਸੀ ਉੱਥੇ ਦੂਜੇ ਪਾਸੇ ਉਹ ਆਪਣੇ ਉਦੇਸ਼ ਪ੍ਰਤੀ ਵੀ ਸਪੱਸ਼ਟ, ਸੁਹਿਰਦ ਅਤੇ ਸਮਰਪਿਤ ਸੀ ਅਤੇ ਵਿਧੀ ਦੀਆਂ ਬਰੀਕੀਆਂ ਬਾਰੇ ਅਤੇ ਦੁਸ਼ਵਾਰੀਆਂ ਬਾਰੇ ਵੀ ਸੁਜੱਗ ਸੀ। ਉਸਨੇ ਭਾਰਤ ਅਤੇ ਦੁਨੀਆ ਦੀਆਂ ਇਨਕਲਾਬੀ ਲਹਿਰਾਂ, ਉਹਨਾਂ ਦੇ ਵਿਚਾਰਾਂ, ਤਜ਼ਰਬਿਆਂ ਤੇ ਅਮਲੀ ਪੈਂਤੜਿਆਂ ਦਾ ਡੂੰਘੇਰਾ ਅਧਿਐਨ ਕੀਤਾ।"* [7]

ਸੋ ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ ਦੁਆਰਾ ਰਚਿਤ ਦੋਵੇਂ ਇਤਿਹਾਸਕ ਨਾਵਲ ਢਾਹਵਾਂ ਦਿੱਲੀ ਦੇ ਕਿੰਗਰੇ ਅਤੇ ਸਤਲੁਜ ਵਹਿੰਦਾ ਰਿਹਾ ਦੁੱਲਾ ਭੱਟੀ ਅਤੇ ਭਗਤ ਸਿੰਘ ਦੋਹਾਂ ਨਾਇਕਾਂ ਦੀ ਸ਼ਖ਼ਸੀਅਤ ਅਤੇ ਉਨਾਂ ਦੁਆਰਾ ਸਮੇਂ ਦੀ ਹਕੂਮਤ ਦੇ ਖਿਲਾਫ਼ ਬਗ਼ਾਵਤ, ਕ੍ਰਾਂਤੀਕਾਰੀ ਸੋਚ ਤੇ ਵਿਚਾਰਧਾਰਾ ਨੂੰ ਗਾਲਪਨਿਕ ਬਿਰਤਾਂਤ ਵਿੱਚ ਪੇਸ਼ ਕਰਦੇ ਹਨ। ਦੋਵੇਂ ਨਾਵਲਾਂ ਦੇ ਬਿਰਤਾਂਤਕ ਢਾਂਚੇ, ਕਥਾ ਜਗਤ, ਘਟਨਾਵਾਂ, ਕਾਲ ਅਤੇ ਕਲਾਤਮਿਕ ਜੁਗਤਾਂ ਦੇ ਪੱਖੋਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

## *ਹਵਾਲੇ ਅਤੇ ਟਿੱਪਣੀਆਂ*


1. *ਅੰਗਰੇਜ਼ੀ-ਪੰਜਾਬੀ ਕੋਸ਼, 1998, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 139.*
2. *ਸਿੰਘ, ਸਤਿੰਦਰ, (ਸੰਪਾ.), 2000, ਤੁਲਨਾਤਮਕ ਭਾਰਤੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ: 05.*
3. *ਸਿੰਘ, ਬਲਦੇਵ, 2007, ਸਤਲੁਜ ਵਹਿੰਦਾ ਰਿਹਾ. ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 287.*
4. *ਸਿੰਘ, ਬਲਦੇਵ, 2009, ਢਾਹਵਾਂ ਦਿੱਲੀ ਦੇ ਕਿੰਗਰੇ. ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 218.*
5. *ਸਿੰਘ, ਬਲਦੇਵ, 2007, ਸਤਲੁਜ ਵਹਿੰਦਾ ਰਿਹਾ. ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 36.*
6. *ਸਿੰਘ, ਬਲਦੇਵ, 2009, ਢਾਹਵਾਂ ਦਿੱਲੀ ਦੇ ਕਿੰਗਰੇ. ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 150.*
7. *ਕੁਮਾਰ, ਨਰੇਸ਼ (ਸੰਪਾ.), 2016, ਬਲਦੇਵ ਸਿੰਘ ਸੜਕਨਾਮਾ: ਪ੍ਰਵਚਨ ਤੇ ਪ੍ਰਸੰਗ. ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨਾ: 45.*



***Cite this Article-***

***ਡਾ. ਬੇਅੰਤ ਸਿੰਘ ਸਰਾਂ (Dr. Beant Singh Sran), 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਸਤਲੁਜ ਵਹਿੰਦਾ ਰਿਹਾ' ਨਾਵਲ: ਤੁਲਨਾਤਮਕ ਅਧਿਐਨ ('Dhawan Delhi De Kingre' Ate 'Satluj Vehanda Riha' Naval: Tulnatmak Adhyian), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 108-111.***

*Journal URL:* ***www.armaan.org.in***

*DOI:* ***https://doi.org/10.64119/armaan.vol.4.issue3.20***



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/